a2zpapers.com

Exam. Code : 105406
Subject Code : 1494

**BBA Semester—VI**

**PUNJABI COMPULSORY**

**Paper–BBA-602 (i)**

Time Allowed—3 Hours] [Maximum Marks—50

**ਨੋਟ : ਸਾਰੇ** ਪ੍ਰਸ਼ਨ ਕਰਨੇ ਲਾਜ਼ਮੀ ਹਨ।

1. ਕਿਸੇ **ਇੱਕ** ਕਹਾਣੀ ਦਾ ਵਿਸ਼ਾ-ਵਸਤੂ ਲਿਖੋ :

   (i) ਫ਼ੈਸਲਾ (ii) ਘੋਟਣਾ 10

2. 'ਖ਼ੁਸ਼ਾਮਦੀ ਨਾਲ' ਨਿਬੰਧ ਦਾ ਸਾਰ ਲਿਖੋ।

   **ਜਾਂ**

   'ਮਨੁੱਖ, ਕੁਦਰਤ ਦੀ ਨੇਕ ਔਲਾਦ ਨਹੀਂ' ਨਿਬੰਧ ਦਾ ਵਿਸ਼ਾ-ਵਸਤੂ ਲਿਖੋ। 10

a2zpapers.com

3. ਕਿਸੇ **ਇੱਕ** ਵਿਸ਼ੇ ਉਪਰ ਲੇਖ ਲਿਖੋ :

   (i) ਯੁਵਕ ਅਤੇ ਨਸ਼ਿਆਂ ਦਾ ਸੇਵਨ

   (ii) ਮਨੁੱਖੀ ਅਧਿਕਾਰ

   (iii) ਪੰਜਾਬੀ ਸਭਿਆਚਾਰ 5

4. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁੱਕਵਾਂ ਸਿਰਲੇਖ ਵੀ ਲਿਖੋ :

   ਕੋਈ ਹੋਰ ਡਰ ਲਉ : ਜਲ ਦਾ ਡਰ, ਅੱਗ ਦਾ ਡਰ, ਮੀਂਹ, ਹਨ੍ਹੇਰੀ, ਬਿਜਲੀ ਦਾ ਡਰ ..... ਸਭ ਦਾ ਕਾਰਨ 'ਮਰਨ ਭੈ' ਹੈ। ਧਨ ਦੇ ਚੁਰਾਏ ਜਾਣ ਦਾ ਡਰ ਕਿਉਂ ਹੈ ? ਧਨ ਖੁੱਸ ਜਾਵੇਗਾ ਤਾਂ ਕੀ ਹੋਵੇਗਾ ? ਲੋੜਾਂ ਪੂਰੀਆਂ ਨਾ ਹੋ ਸਕਣਗੀਆਂ,



a2zpapers.com
www.a2zpapers.com
We provide GNDU question papers, PTU question papers, PU question papers,

a2zpapers.com
a2zpapers.com

a2zpapers.com

ਖਾਣ ਪਹਿਨਣ ਨੂੰ ਨਾ ਮਿਲੇਗਾ। ਖਾਣ ਨੂੰ ਨਾ ਮਿਲਿਆ, ਤਾਂ ਸਿੱਟਾ ਉਹੋ-ਮੌਤ। ਪਹਿਨਣ ਨੂੰ ਨਾ ਲੱਭਾ, ਤਾਂ ਗਰਮੀ ਸਰਦੀ ਤੋਂ ਬਚਾ ਨਾ ਹੋ ਸਕੇਗਾ। ਫੇਰ ਕੀ ਹੋਵੇਗਾ ? ਬੇਰੁਜ਼ਗਾਰੀ ਦਾ ਡਰ, ਨੌਕਰ ਨੂੰ ਮਾਲਕ ਦਾ ਡਰ, ਜੱਟ ਨੂੰ ਕਾਲ ਦਾ ਡਰ, ..... ਇਨ੍ਹਾਂ ਸਾਰੇ ਡਰਾਂ ਦੀ ਜੜ੍ਹ ਇੱਕੋ ਮਰਨ-ਡਰ ਹੈ, ਜਾਂ ਕਹੋ ਸਾਡੀ ਹਉਮੈਂ ਹੈ। ਸਾਡਾ ਆਪਾ ਹੈ। ਜਦ ਸਾਨੂੰ ਇਹ ਪਤਾ ਲੱਗ ਜਾਵੇ, ਜਦ ਸਾਨੂੰ ਇਹ ਸੋਝੀ ਆ ਜਾਏ, ਜਦ ਸਾਨੂੰ ਵਸਤੂ ਦਾ ਗਿਆਨ ਆ ਜਾਏ, ਤਾਂ ਇੰਨ੍ਹਾਂ ਡਰ੍ਹਾਂ ਲਈ ਥਾਂ ਨਹੀਂ ਰਹਿੰਦੀ। 5

5. ਕਿਰਿਆ ਵਾਕੰਸ਼ ਨੂੰ ਪਰਿਭਾਸ਼ਿਤ ਕਰਦੇ ਹੋਏ ਇਸ ਦਾ ਵਰਗੀਕਰਨ ਕਰੋ।

**ਜਾਂ**

ਕਾਰਕ ਕਿਸਨੂੰ ਕਹਿੰਦੇ ਹਨ ? ਕਾਰਕੀ ਪ੍ਰਬੰਧ ਉੱਪਰ ਨੋਟ ਲਿਖੋ। 10

6. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਵਿੱਚ ਉੱਤਰ ਦਿਉ। ਉੱਤਰ 50 ਸ਼ਬਦਾਂ ਤੋਂ ਵੱਧ ਨਾ ਹੋਵੇ :

(ੳ) ਫ਼ੈਸਲਾ ਕਹਾਣੀ ਮਨੁੱਖੀ ਬੇਵਸੀ ਤੇ ਲਾਚਾਰੀ ਦੀ ਗੱਲ ਕਰਦੀ ਹੈ ਕਿਵੇਂ ?

(ਅ) ਕਹਾਣੀ 'ਕਾਲਾ-ਬਾਪ ਗੋਰਾ ਬਾਪ' ਵਿੱਚ ਜਦੋਂ ਯੂਨਸ ਜਮੀਲਾ ਨੂੰ ਬੱਚਿਆਂ ਸਮੇਤ ਤਿਆਗ ਦਿੰਦੀ ਹੈ ਤਾਂ ਕੀ ਹੁੰਦਾ ਹੈ ?

(ੲ) ਦਾਦੀ ਦੇ ਮਰਨ ਪਿਛੇ ਜੀਤੀ ਨੂੰ ਕਿਸ ਗੱਲ ਦਾ ਪਛਤਾਵਾ ਲੱਗਾ ?

(ਸ) 'ਸੱਚ ਮਿਰਚਾਂ ਤੇ ਝੂਠ ਗੁੜ' ਇਸ ਕਥਨ ਤੋਂ ਕੀ ਭਾਵ ਹੈ ?

(ਹ) ਲੇਖ ਵਿੱਚ ਖੁਸ਼ਾਮਦ ਤੋਂ ਬਚਣ ਲਈ ਕਿਹੜੇ ਤਰੀਕੇ ਸੁਝਾਏ ਗਏ ਹਨ ? 5×2=10



a2zpapers.com
www.a2zpapers.com
We provide GNDU question papers, PTU question papers, PU question papers,